# ਪਾਠ-3

# ਸਿੱਠਣੀਆਂ

**ਸਿੱਠਣੀਆਂ ਲੋਕ ਕਾਵਿ ਰੂਪ ਵਿੱਚ ਵਿਆਹ ਵੇਲੇ ਨਾਨਕੀਆਂ-ਦਾਦਕੀਆਂ ਮੇਲਣਾ, ਸ਼ਰੀਕਣੀਆਂ ਇਕੱਠੀਆਂ ਹੋ ਕੇ ਇੱਕ ਦੂਜੇ ਨੂੰ ਸੰਬੋਧਿਤ ਕਰਕੇ ਗਾਉਂਦੀਆਂ ਹਨ ਜਿਸ ਵਿੱਚ ਮਖੌਲ, ਮਸ਼ਕਰੀਆਂ ਨਾਲ ਹਾਸਾ ਪੈਦਾ ਹੁੰਦਾ ਹੈ। ਜਾਂਞੀਆਂ ਦੇ ਖਾਣ ਪੀਣ ਦੇ ਪਹਿਰਾਵੇ ਤੇ ਟਕੋਰਾਂ ਹੁੰਦੀਆਂ ਹਨ।**

**ਪ੍ਰਸ਼ਨ-1 : ਸਿੱਠਣੀਆਂ ਕਿਹੜੇ ਮੌਕੇ ਤੇ ਕਿਸ ਵੱਲੋਂ ਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?**

ਉੱਤਰ :

ਸਿੱਠਣੀਆਂ ਵਿਆਹ ਦੇ ਮੌਕੇ ਤੇ ਨਾਨਕੀਆਂ ਦਾਦਕੀਆਂ ਇੱਕ ਦੂਜੇ ਨੂੰ ਅਤੇ ਜੰਞ ਵਿੱਚ ਆਏ ਜਾਂਞੀਆਂ ਤੇ ਲਾੜੇ ਦੇ ਮਾਂ-ਬਾਪ ਤੇ ਭੈਣਾਂ ਨੂੰ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਲਾੜਾ-ਕੁੜਮ , ਲਾੜੇ ਦੀਆਂ ਭੈਣ ਤੇ ਹੋਰ ਰਿਸ਼ਤੇਦਾਰ ਮਜ਼ਾਕ ਦਾ ਪਾਤਰ ਬਣਦੇ ਹਨ। ਬਰਾਤੀਆਂ ਦੇ ਖਾਣ-ਪੀਣ ਤੇ ਪਹਿਰਾਵੇ ਤੇ ਵਿਅੰਗ ਕੀਤਾ ਜਾਂਦਾ ਹੈ।

**ਪ੍ਰਸ਼ਨ-2 : ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖੌਲ ਕੀਤਾ ਜਾਂਦਾ ਹੈ ਤੇ ਜਾਂਞੀਆਂ ਦੇ ਲਾਜ-ਭਾਵ ਨੂੰ ਕਿਵੇਂ ਟੁੰਬਿਆ ਜਾਂਦਾ ਹੈ ?**

ਉੱਤਰ :

ਵਿਆਹ ਸਮੇਂ ਕੁੜੀ ਦੇ ਘਰ ਜੁੜੀਆਂ ਮੇਲਣਾ, ਲਾੜੇ ਤੇ ਉਸਦੇ ਸਾਥੀ ਬਰਾਤੀਆਂ ਨੂੰ ਸਿੱਠਣੀਆਂ ਦਿੰਦੀਆਂ ਕਹਿੰਦੀਆਂ ਹਨ

“ ਜਾਂਞੀਓ ਮਾਂਜੀਓ , ਕਿਹੜੇ ਵੇਲੇ ਹੋਏ ਨੇ

ਖਾ ਖਾ ਕੇ ਰੱਜੇ ਨਾ, ਢਿੱਡ ਕਿ ਟੋਏ ਨੇ.......”

ਭਾਵ ਕਿ ਉਹ ਘਰੋਂ ਭੁੱਖੇ ਆ ਗਏ, ਹੁਣ ਤੱਕ ਖਾ ਖਾ ਕੇ ਰੱਜੇ ਨਹੀਂ। ਉਹਨਾਂ ਦੇ ਨਿੱਕੇ ਮੂੰਹ ਹਨ ਪਰ ਢਿੱਡ ਟੋਏ ਹਨ ਜ਼ੋ ਕਿ ਖੂਹਾਂ ਵਾਂਗ ਖਾ ਖਾ ਭਰਦੇ ਨਹੀਂ, ਫਿਰ ਉਹਨਾਂ ਨੂੰ ਖਲ ਕੁੱਟ ਕੇ ਪਾਉਣ ਦੀ ਸਲਾਹ ਦਿੰਦੀਆਂ ਹਨ ਕਿ ਇਹ ਰੋਟੀ ਨਾਲ ਰੱਜਣ ਵਾਲੇ ਨਹੀਂ ਪੱਚੀ ਪੱਚੀ ਸੇਰ ਗੁਤਾਵਾਂ ਖਾਣ ਵਾਲੇ ਹਨ।

**ਪ੍ਰਸ਼ਨ-3 : ਸਿੱਠਣੀਆਂ ਵਿੱਚ ਕਿਹੜੇ ਪ੍ਰਾਕਿਰਤਕ ਹਵਾਲੇ ਮਿਲਦੇ ਹਨ ?**

ਉੱਤਰ :

ਸਿੱਠਣੀਆਂ ਵਿੱਚ ਰੁੱਖਾਂ ਦੇ ਹਵਾਲੇ ਵਜੋਂ ਤੂਤ, ਟਾਹਲੀ ਅਤੇ ਜੀਵਾਂ ਵਜੋਂ ਡੱਡੂ, ਚਾਮਚੜਿੱਕ, ਚੂਹਾ, ਰਿੱਛ ਅਤੇ ਪਸ਼ੂਆਂ ਵਜੋਂ ਵਹਿੜਕਾ, ਬੋਕ, ਸਬਜੀਆਂ ਵਜੋਂ ਕਰੇਲੇ ਕੱਦੂ ਤੋਂ ਬਿਨ੍ਹਾਂ ਖੂਹ, ਮਿਰਚਾਂ, ਟੋਏ, ਮੱਕੀ ਆਦਿ ਦੇ ਹਵਾਲੇ ਮਿਲਦੇ ਹਨ।

ਡਾ. ਪੁਸ਼ਵਿੰਦਰ ਕੌਰ

ਸ.ਕੋ.ਐਡ.ਮਲਟੀਪਰਪਜ਼ ਸੀ.ਸੈ.ਸ. ਪਟਿਆਲਾ

81465-96565